Australian Government
Department of Social Services

# ਦਹੇਜ/ਦਾਜ ਦੀ ਲਾਹਨਤ

## ਦਹੇਜ ਸਬੰਧਤ ਹਿੰਸਾ ਜਾਂ ਕਲੇਸ਼, ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਹੀ ਰੂਪ ਹੈ।

ਦਹੇਜ ਪ੍ਰੰਪਰਾਵਾਂ ਵੱਖ ਵੱਖ ਦੇਸ਼ਾਂ ਅਤੇ ਸਭਿਆਚਾਰਾਂ ਵਿੱਚ ਵੱਖ ਵੱਖ ਹੋ ਸਕਦੀਆਂ ਹਨ।

ਦਹੇਜ ਇੱਕ ਪ੍ਰਕਾਰ ਦੀ ਪ੍ਰਥਾ ਹੈ ਜਿਸ ਦਾ ਸਬੰਧ ਪੈਸੇ, ਜਾਇਦਾਦ ਜਾਂ ਤੋਹਫਿਆਂ ਨਾਲ ਹੈ ਜਿਹੜੇ ਵਿਆਹ ਸਮੇਂ ਆਮ ਕਰਕੇ ਲੜਕੀ ਦੇ ਪਰਿਵਾਰ ਵਲੋਂ ਪਤੀ ਨੂੰ ਦਿੱਤੇ ਜਾਂਦੇ ਹਨ। ਆਪਣੇ ਆਪ ਵਿੱਚ ਦਹੇਜ ਪ੍ਰਥਾ ਕੋਈ ਲਾਹਨਤ ਨਹੀਂ ਹੈ।

ਕਿਸੇ ਤਰਾਂ ਦੀ ਧੱਕੇਸ਼ਾਹੀ, ਹਿੰਸਾ ਜਾਂ ਪ੍ਰੇਸ਼ਾਨੀ ਜਿਸਦਾ ਸਬੰਧ ਵਿਆਹ ਤੋਂ ਪਹਿਲਾਂ, ਇਸਦੇ ਦੌਰਾਨ ਜਾਂ ਪਿੱਛੋਂ, ਦਹੇਜ ਲੈਣ ਜਾਂ ਦੇਣ ਨਾਲ ਹੋਵੇ, ਦੁਰਵਿਵਹਾਰ ਕਹਾਉਂਦਾ ਹੈ। ਆਮਤੌਰ ਤੇ ਦਹੇਜ ਸਬੰਧੀ ਬਦਸਲੂਕੀ ਵਿੱਚ: ਦਹੇਜ ਨਾ ਦਿੱਤੇ ਜਾਣ ਦੇ ਦਾਅਵੇ, ਜਬਰਦਸਤੀ ਲੜਕੀ ਅਤੇ ਉਸਦੇ ਵਿਸਤਰਿਤ ਪਰਿਵਾਰ ਕੋਲੋਂ ਹੋਰ ਪੈਸਾ ਅਤੇ ਤੋਹਫਿਆਂ ਦੀਆਂ ਮੰਗਾਂ ਸ਼ਾਮਲ ਹੁੰਦੀਆਂ ਹਨ।

ਘਰੇਲੂ ਤੇ ਪਰਿਵਾਰਕ ਹਿੰਸਾ ਆਸਟ੍ਰੇਲੀਆ ਵਿੱਚ ਕਾਨੂੰਨੀ ਅਪਰਾਧ ਹੈ। ਜੋ ਵਿਅਕਤੀ ਅਜਿਹਾ ਜੁਰਮ ਕਰਦਾ ਹੈ, ਜ੍ਹੇਲ ਜਾ ਸਕਦਾ ਹੈ ਭਾਵੇਂ ਉਹ ਆਦਮੀ ਹੋਵੇ ਜਾਂ ਔਰਤ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** ‘ਤੇ ਕਾੱਲ ਕਰੋ।

ਆੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਅਤੇ ਗੁਪਤ ਸਲਾਹਕਾਰੀ ਅਤੇ ਜਾਣਕਾਰੀ ਲਈ **1800 737 732** 'ਤੇ 1800RESPECT ਨੂੰ ਸੰਪਰਕ ਕਰੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕਾੱਲ ਕਰੋ।

## ਆਸਟ੍ਰੇਲੀਆ ਦੀ ਸਰਕਾਰ (Australian Government) ਦਹੇਜ ਸਬੰਧੀ ਹਿੰਸਾ ਜਾਂ ਪ੍ਰੇਸ਼ਾਨੀ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕਰਦੀ।

ਆਸਟ੍ਰੇਲੀਅਨ ਸਰਕਾਰ (Australian Government), ਪਰਿਵਾਰਕ ਹਿੰਸਾ ਜਿਸ ਵਿੱਚ ਦਹੇਜ ਸਬੰਧੀ ਹਿੰਸਾ ਅਤੇ ਪ੍ਰੇਸ਼ਾਨੀ ਆਉਂਦੇ ਹਨ, ਬੜੀ ਗੰਭੀਰਤਾ ਨਾਲ ਲੈਂਦੀ ਹੈ। ਸਾਰੇ ਆਸਟ੍ਰੇਲੀਅਨਾਂ ਨੂੰ ਆਪਣੀਆਂ ਧਾਰਮਿਕ ਤੇ ਸਭਿਆਚਾਰਕ, ਰੀਤਾਂ ਤੇ ਵਿਸ਼ਵਾਸਾਂ ਨੂੰ ਇੱਕ ਪਾਸੇ ਰੱਖ ਕੇ, ਹਿੰਸਾ, ਡਰ ਤੇ ਜਬਰ ਤੋਂ ਰਹਿਤ ਜ਼ਿੰਦਗੀ ਜਿਉਣ ਦਾ ਹੱਕ ਹੈ।

ਕੋਈ ਵੀ ਵਿਵਹਾਰ ਜਾਂ ਧਮਕੀ ਜੋ ਆਪਣੇ ਜੋੜੀਦਾਰ ਨੂੰ ਵੱਸ ’ਚ ਰੱਖਣ ਲਈ ਉਹਨੂੰ ਡਰਾਉਣ ਜਾਂ ਉਹਦੀ ਸੁਰੱਖਿਆ ਨੂੰ ਧਮਕਾਉਣ ਲਈ ਦਿੱਤੀ ਜਾਂਦੀ ਹੈ, ਦਹੇਜ ਸਬੰਧਤ ਹਿੰਸਾ ਤੇ ਪ੍ਰੇਸ਼ਾਨੀ ਵਿੱਚ ਹੀ ਸ਼ਾਮਲ ਹੈ।

## ਜੇ ਤੁਸੀਂ ਵੀਜ਼ੇ ਤੇ ਹੋ ਤਾਂ ਵੀ ਤੁਹਾਨੂੰ ਮਦਦ ਮਿਲ ਸਕਦੀ ਹੈ।

ਤੁਹਾਡਾ ਜੋੜੀਦਾਰ, ਪਰਿਵਾਰਕ ਮੈਂਬਰ ਜਾਂ ਫਿਰਕੇ ਦੇ ਦੂਜੇ ਲੋਕ ਤੁਹਾਡੇ ਵੀਜ਼ੇ ਦੀ ਸਥਿਤੀ ਨੂੰ ਖਤਰੇ ਚ ਨਹੀਂ ਪਾ ਸਕਦੇ।

ਜੇ ਤੁਹਾਡੇ ਕੋਲ (ਉਪ-ਸ਼੍ਰੇਣੀ 309 ਜਾਂ 820) ਜੋੜੀਦਾਰ ਵਾਲਾ ਆਰਜ਼ੀ ਵੀਜ਼ਾ ਹੈ ਜਾਂ ਸੰਭਾਵੀ ਵਿਆਹ (ਉਪ-ਸ਼੍ਰੇਣੀ 300) ਵਾਲਾ ਵੀਜ਼ਾ ਹੈ ਅਤੇ ਤੁਸੀਂ ਦਹੇਜ ਸਬੰਧੀ ਪਰਿਵਾਰਕ ਹਿੰਸਾ ਅਨੁਭਵ ਕਰਦੇ ਹੋ, ਤਾਂ ਆਸਟ੍ਰੇਲੀਆ ਦੇ ਪ੍ਰਵਾਸ ਸਬੰਧੀ ਕਾਨੂੰਨਾਂ ਵਿੱਚ ਪਰਿਵਾਰਕ ਹਿੰਸਾ ਸਬੰਧਤ ਵਿਵਸਥਾ ਹੈ ਜਿਸ ਦੇ ਤਹਿਤ ਤੁਹਾਨੂੰ (ਉਪ-ਸ਼੍ਰੇਣੀ 100 ਜਾਂ 801) ਅਧੀਨ ਜੋੜੀਦਾਰ ਵਾਲੇ ਪੱਕੇ ਵੀਜ਼ੇ ਦੀ ਅਰਜ਼ੀ ਚਾਲੂ ਰੱਖਣ ਦੀ ਆਗਿਆ ਹੈ।

## ਦਹੇਜ ਨੂੰ ਜਬਰੀ ਵਿਆਹ ਕਰਾਉਣ ਲਈ ਨਹੀਂ ਵਰਤਿਆ ਜਾ ਸਕਦਾ।

ਜੇਕਰ ਦਹੇਜ, ਕਿਸੇ ਨੂੰ ਉਹਦੀ ਪੂਰੀ ਤੇ ਅਜ਼ਾਦ ਸਹਿਮਤੀ ਬਗੈਰ ਵਿਆਹ ਲਈ ਮਜ਼ਬੂਰ ਕਰਨ ਦੇ ਸਾਧਨ ਵਜੋਂ ਵਰਤਿਆ ਗਿਆ ਸੀ ਤਾਂ ਇਹ ਜਬਰਦਸਤੀ ਵਾਲਾ ਵਿਆਹ ਕਿਹਾ ਜਾ ਸਕਦਾ ਹੈ।

ਆਸਟ੍ਰੇਲੀਆ ਵਿੱਚ ਹਰੇਕ ਨੂੰ ਇਹ ਚੁਣਨ ਦੀ ਅਜ਼ਾਦੀ ਹੈ ਕਿ ਉਹ ਕਿਸ ਨਾਲ ਤੇ ਕਦੋਂ ਵਿਆਹ ਕਰਾਵੇ।ਮਜਬੂਰ ਕਰਕੇ, ਧਮਕਾ ਕੇ ਜਾਂ ਚਲਾਕੀ ਨਾਲ ਕਿਸੇ ਨਾਲ ਵਿਆਹ ਕਰਨਾ, ਆਸਟ੍ਰੇਲੀਅਨ ਕਾਨੂੰਨ ਦੇ ਵਿਰੁੱਧ ਹੈ।ਜੇਕਰ ਤੁਸੀਂ ਪੀੜਤ ਨਹੀਂ, ਤੁਹਾਡਾ ਜਬਰੀ ਵਿਆਹ ਨੂੰ ਉਤਸਾਹਿਤ ਕਰਨਾ ਜਾਂ ਹੋਣ ਦੇਣ ਦੇ ਪ੍ਰਬੰਧਾਂ ਵਿੱਚ ਮਦਦ ਕਰਨਾ ਅਤੇ ਜਬਰੀ ਵਿਆਹ ਵਿੱਚ ਧਿਰ ਬਣਨਾ ਵੀ ਕਾਨੂੰਨ ਦੇ ਵਿਰੁੱਧ ਹੈ।ਇਹ ਗੱਲ ਕਾਨੂੰਨੀ,  ਸੱਭਿਆਚਾਰਕ ਅਤੇ ਧਾਰਮਿਕ ਵਿਆਹਾਂ ਤੇ ਵੀ ਲਾਗੂ ਹੁੰਦੀ ਹੈ।

## ਤੁਹਾਡੀ ਮਦਦ ਲਈ ਆਸਟ੍ਰੇਲੀਆ ਵਿੱਚ  ਸੱਭਿਆਚਾਰਕ ਤੌਰ ਤੇ ਸੰਵੇਦਨਸ਼ੀਲ ਸੇਵਾਵਾਂ ਮੌਜੂਦ ਹਨ।

**1800RESPECT**, ਜਿਨਸੀ ਹਮਲੇ, ਪਰਿਵਾਰਕ ਤੇ ਘਰੇਲੂ ਹਿੰਸਾ ਸਬੰਧਤ,ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ, ਹੈ।ਇਹ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਔਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

**My Blue Sky** ਆਸਟ੍ਰੇਲੀਆ ਦੀ ਰਾਸ਼ਟਰੀ ਵੈਬਸਾਈਟ ਅਤੇ ਹੈਲਪਲਾਈਨ ਹੈ ਜੋ ਜਬਰੀ ਵਿਆਹ ਦੀ ਰੋਕਥਾਮ, ਜਾਣਕਾਰੀ, ਹੋਰ ਸੇਵਾਵਾਂ ਦੀ ਦੱਸ ਪਾਉਣ ਅਤੇ ਮੁਫਤ ਕਾਨੂੰਨੀ ਸਲਾਹ ਨੂੰ ਸਮਰਪਤ ਹੈ।

**(02) 9514 8115** ਤੇ ਗੱਲ ਕਰੋ, **0481 070 844** ਤੇ ਟੈਕਸਟ ਸੁਨੇਹਾ ਭੇਜੋ, ਜਾਂ **help@mybluesky.org.au** ਤੇ ਈਮੇਲ ਕਰੋ ਜਾਂ **www.mybluesky.org.au** ਤੇ **My Blue Sky** ਦੀ ਵੈਬਸਾਈਟ ਤੇ ਜਾਉ।

ਪਰਿਵਾਰਕ ਹਿੰਸਾ ਅਤੇ ਵੀਜ਼ੇ, ਜਬਰੀ ਵਿਆਹ ਅਤੇ ਮਨੁੱਖੀ ਤਸਕਰੀ ਸਬੰਧੀ ਵਧੇਰੇ ਜਾਣਕਾਰੀ ਲਈ ਗ੍ਰਹਿ ਵਿਭਾਗ (**Department of Home Affairs**) ਦੀ ਵੈਬਸਾਈਟ **www.homeaffairs.gov.au** ਤੇ "forced marriage" ਢੂੰਡੋ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

**131 450** ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS))  ਨੂੰ ਫੋਨ ਕਰੋ।TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ, ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ।ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।